2024 33879
23/2/2024
ਸੀ 2)

ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਐਸ.ਏ.ਐਸ ਨਗਰ।
(ਪ੍ਰਮੋਸ਼ਨ ਸੈਲ)
ਈ-ਮੇਲ dsese.promotion@punjabeducation.gov.in

ਵੱਲ,

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ/ ਐ.ਸਿ)
ਪੰਜਾਬ।
ਮੈਮੋ ਨੰ- ਈ-601462 ਪ੍ਰੋ-ਸੈਲ (1)/202450705
ਮਿਤੀ- 21.02.2024

ਵਿਸ਼ਾ:- ਸਕੂਲ ਦਾ ਨਾਂ ਅਤੇ ਅਧੀਨ ਕੰਮ ਕਰਦੇ ਅਧਿਕਾਰੀ/ ਕਰਮਚਾਰੀਆਂ ਦਾ Ihrms ਤੇ ਡਾਟਾ ਸੋਧਣ ਸਬੰਧੀ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ ਈ-601462 ਪ੍ਰੋ-ਸੈਲ (1)/202434950 ਮਿਤੀ 05.02.2024 ਦੀ ਲਗਾਤਾਰਤਾ ਵਿੱਚ।

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੀ ਸਰਵਿਸ ਦੇ ਸਾਰੇ ਵੇਰਵੇ Ihrms ਤੇ ਅਪਲੋਡ ਹਨ, ਉਹਨਾਂ ਕਰਮਚਾਰੀਆਂ/ਅਧਿਕਾਰੀਆਂ ਦੇ ਅਸਲ ਸਰਵਿਸ ਵੇਰਵਿਆਂ ਨਾਲ ਮਿਲਾਣ ਕਰ ਲਿਆ ਜਾਵੇ, ਜੇ ਇਸ ਵਿੱਚ ਕਿਸੇ ਕਿਸਮ ਦੀ ਸੋਧ ਕਰਨੀ ਬਣਦੀ ਹੈ ਤਾਂ ਸਬੰਧਤ ਦਫਤਰ ਦੀ ਐਡਮਿਨ ਆਈ.ਡੀ ਵਿੱਚੋਂ ਹੀ ਹੋਣੀ ਹੈ, ਸਬੰਧਤ ਸੋਧ ਉਪਰੰਤ ਸੰਸਥਾ ਮੁੱਖੀ ਤੋਂ ਸਾਰੇ ਵੇਰਵੇ ਸਹੀ ਹੋਣ ਸਬੰਧੀ ਸਰਟੀਫਿਕੇਟ ਲੈ ਕੇ ਸਾਰੇ ਜਿਲ੍ਹੇ ਦਾ Consolidated ਸਰਟੀਫਿਕੇਟ ਹਵਾਲਾ ਅਧੀਨ ਪੱਤਰ ਵਿੱਚ ਪਹਿਲਾਂ ਹੀ ਮਿੱਥੇ ਸਮੇਂ ਤੇ ਪ੍ਰਮੋਸ਼ਨ ਸੈੱਲ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

2. ਫੀਲਡ ਵਿੱਚੋਂ ਆ ਰਹੀਆਂ ਪ੍ਰੋਖਣਾਂ ਤੋਂ ਪਤਾ ਲੱਗਾ ਹੈ ਕਿ ਸਕੂਲਾਂ ਦੇ ਸਹੀ ਨਾਮ Ihmrs ਪੋਰਟਲ ਤੇ ਬਦਲਣ ਸਬੰਧੀ ਕਾਰਵਾਈ ਕੀਤੀ ਜਾਣੀ ਹੈ ਉਹਨਾਂ ਦੀਆ ਪ੍ਰਤੀਬੇਨਤੀਆਂ ਜੋ ਕਿ ਸਬੰਧਤ ਬੀ.ਪੀ.ਈ.ਓਜ ਕੋਲ ਪ੍ਰਾਪਤ ਹੋ ਚੁੱਕੀਆਂ ਹਨ ਉਹ ਸਬੰਧਤ ਜਿਲਾ ਸਿੱਖਿਆ ਅਫਸਰਾਂ ਨੂੰ ਫਾਰਵਰਡ ਨਹੀਂ ਕੀਤੀਆਂ ਜਾ ਰਹੀਆਂ। ਇਸ ਸਬੰਧ ਵਿੱਚ ਤੁਰੰਤ ਅਧੀਨ ਸੰਸਥਾਵਾਂ ਨੂੰ ਲਿਖ ਕੇ ਕੇਸ ਜਿਲ੍ਹਾ ਦਫਤਰਾਂ ਵਿੱਚ ਮੰਗਵਾਏ ਜਾਣ ਅਤੇ Consolidated ਲਿਸਟ ਤਿਆਰ ਕਰਕੇ ਪ੍ਰਮੋਸ਼ਨ ਸੈੱਲ ਨੂੰ ਮੇਲ ਰਾਹੀਂ ਮਿੱਥੇ ਸਮੇਂ ਤੇ ਭੇਜਣਾ ਯਕੀਨੀ ਬਣਾਇਆ ਜਾਵੇ।

3. Ihrms ਦਾ ਡਾਟਾ ਵਾਚਦੇ ਹੋਏ ਇਹ ਧਿਆਨ ਵਿੱਚ ਆਇਆ ਹੈ ਕਿ ਜੋ ਅਧਿਕਾਰੀ ਆਪਣੀ ਤਨਖਾਹ ਖੁਦ ਡਰਾਅ ਕਰਦੇ ਹਨ ਜਿਵੇਂ ਜਿਲ੍ਹਾ ਸਿੱਖਿਆ ਅਫਸਰ/ਬੀਪੀਈਓ/ਪ੍ਰਿੰਸੀਪਲ/ਹੈਡਮਾਸਟਰ ਉਹਨਾਂ ਦੀ Ihmrs ਤੇ Online Service Book ਵੀ ਆਪਣੀ ਸੰਸਥਾ ਵਿੱਚ ਹੀ ਹੈ ਪ੍ਰੰਤੂ ACR ਦੇ ਆਨਲਾਈਨ ਸੰਚਾਲਣ ਲਈ ਇਹ ਲੋੜੀਂਦਾ ਹੈ ਕਿ ਉਹਨਾਂ ਦੀ Online Service Book ਬਦਲ ਕੇ Custodian ਪੱਧਰ ਤੇ ਕੀਤਾ ਜਾਵੇ। ਇਸ ਸਬੰਧੀ ਕੋਈ ਵੀ ਪੁੱਛਗਿੱਛ ਕਰਨੀ ਹੋਵੇ ਤਾਂ ਪ੍ਰਮੋਸਨ ਸੈੱਲ ਨਾਲ ਰਾਬਤਾ ਕਾਇਮ ਕੀਤਾ ਜਾਵੇ।

4. Ihrms ਤੇ ਹਰੇਕ ਕਰਮਚਾਰੀ/ ਅਧਿਕਾਰੀ ਦੇ ਅਪਣੇ ਨਿੱਜੀ Account ਵਿੱਚ Scanned ਹਸਤਾਖਰ ਅੱਪਲੋਡ ਕਰਨੇ ਯਕੀਨੀ ਬਣਾਉਣਗੇ। ਇਹ ਹਦਾਇਤਾਂ ਤੁਰੰਤ ਜਾਰੀ ਕਰੀਆਂ ਜਾਣ।

ਇਹ ਪ੍ਰਕੀਰਿਆ ਅਤਿ ਜਰੂਰੀ ਅਤੇ ਸਮਾਂ ਬੱਧ ਹੈ। ਇਸ ਸਬੰਧੀ ਉੱਚ ਅਧਿਕਾਰੀ ਇਹ ਪ੍ਰੀਕ੍ਰਿਆ ਨੂੰ ਸਮਾਂ ਰਹਿੰਦੇ ਹੀ ਪੂਰਾ ਕਰਨਾ ਚਾਹੁੰਦੇ ਹਨ ਸੋ ਇਸ ਵਿੱਚ ਕਿਸੇ ਵੀ ਕਿਸਮ ਦੀ ਦੇਰੀ ਜਾ ਅਣਗਹਿਲੀ ਦੀ ਜਿੰਮੇਵਾਰੀ ਆਪ ਜੀ ਦੀ ਅਪਣੀ ਨਿੱਜੀ ਹੋਵੇਗੀ ਅਤੇ ਇਸ ਸਬੰਧੀ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।

ਨੋਡਲ ਅਫਸਰ ਕਮ ਸਹਾਇਕ ਡਾਇਰੈਕਟਰ(ਪ੍ਰਮੋਸ਼ਨ ਸੈੱਲ)

Scanned with OKEN Scanner

ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਪਟਿਆਲਾ
ਪਿੱਠ ਅੰਕਣ ਨੰ: ਸੀ-1/1 ( ) 2024/8046 ਮਿਤੀ: 23/02/2024

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ)
ਪਟਿਆਲਾ
23/2/24